ਨੰ: 1/9/2004-ਰਸ1/931-934
**ਪੰਜਾਬ ਸਰਕਾਰ**
**ਭਲਾਈ ਵਿਭਾਗ**
**(ਰਿਜ਼ਰਵੇਸ਼ਨ ਮੇਲ)**

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖੀ,
ਸਮੂਹ ਡਵੀਜਨਾਂ ਦੇ ਕਮਿਸ਼ਨਰ,
ਸਮੂਹ ਜ਼ਿਲਾ ਤੇ ਸੈਸ਼ਨਜ ਜੱਜ,
ਸਮੂਹ ਡਿਪਟੀ ਕਮਿਸ਼ਨਰ ਅਤੇ
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ।

ਮਿਤੀ, ਚੰਡੀਗੜ੍ਹ 11 ਅਗਸਤ, 2004

ਵਿਸ਼ਾ:- ਅਨੁਸੂਚਿਤ -ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਲਈ ਵਰਕਚਾਰਜ, ਦਿਹਾੜੀਦਾਰ ਅਤੇ ਠੇਕੇ ਤੇ ਪੁਰ ਕੀਤੀਆਂ ਜਾਣ ਵਾਲੀਆਂ ਆਸਾਮੀਆਂ ਵਿੱਚ ਰਾਖਵਾਂ ਕਰਨ ਲਾਗੂ ਕਰਨ ਬਾਰੇ।

ਸ੍ਰੀਮਾਨ ਜੀ,

ਮੈਨੂ ਉਪਰੋਕਤ ਵਿਸ਼ੇ ਤੇ ਆਪਦਾ ਧਿਆਨ ਪੰਜਾਬ ਸਰਕਾਰ ਦੇ ਗ:ਪ:ਨੰ: 2/236/79/ਐਸ.ਡਬਲਯੂ-1/8105, ਮਿਤੀ 18-8-1983 ਵੱਲ ਧਿਆਨ ਦੇਣ ਦੀ ਹਦਾਇਤ ਹੋਈ ਹੈ, ਜਿਸ ਰਾਹੀ ਵਰਕਚਾਰਜ ਅਤੇ ਠੇਕੇ ਤੇ ਭਰਤੀ ਕੀਤਾ ਗਿਆ ਦਿਹਾੜੀਦਾਰ ਸਟਾਫ ਦੀਆਂ ਪੁਰ ਕੀਤੀਆਂ ਜਾਣ ਵਾਲੀਆਂ ਆਸਾਮੀਆਂ ਸਮੇਂ ਪੰਜਾਬ ਸਰਕਾਰ ਦੀ ਸੇਵਾਵਾਂ ਵਿੱਚ ਲਾਗੂ ਰਾਖਵਾਂ ਕਰਨ ਨੀਤੀ ਲਾਗੂ ਕੀਤੇ ਜਾਣ ਦਾ ਫੈਸਲਾ ਕੀਤਾ ਸੀ। ਵਿਭਾਗਾਂ ਵਲੋਂ ਇਹ ਸ਼ੰਕਾ ਪ੍ਰਗਟਾਇਆ ਜਾਂਦਾ ਹੈ ਕਿ ਕੀ ਇਹ ਮਿਤੀ 18-8-1983 ਨੂੰ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਜੇ ਵੀ ਲਾਗੂ ਹਨ ਜਾਂ ਨਹੀਂ। ਦੂਜਾ ਇਨ੍ਹਾਂ ਵਿਚ ਸੇਵਾਵਾਂ ਦੇ ਸਮੂਹ ਗਰੁੱਪਾਂ ਵਿਚ ਠੇਕੇ ਤੇ ਕੀਤੀ ਜਾਣ ਵਾਲੀ ਭਰਤੀ ਸਮੇਂ ਰਾਖਵਾਂਕਰਨ ਦੀ ਨੀਤੀ ਲਾਗੂ ਹੋਣ ਬਾਰੇ ਵੀ ਸਪਸ਼ਟ ਨਹੀਂ ਕੀਤਾ ਗਿਆ। ਜਿਸ ਕਾਰਲ ਵਿਭਾਗ, ਸੇਵਾਵਾਂ ਦੇ ਸਾਰੇ ਗਰੁੱਪਾਂ ਵਿਚ, ਪੰਜਾਬ ਸਰਕਾਰ ਦੀ ਰਾਖਵਾਂਕਰਨ ਨੀਤੀ ਲਾਗੂ ਕਰਨ ਬਾਰੇ ਦੁਬਿੱਧਾ ਵਿੱਚ ਹਨ।

2. ਇਸ ਲਈ ਇਹ ਸੱਪਸ਼ਟ ਕੀਤਾ ਜਾਂਦਾ ਹੈ ਕਿ ਹਵਾਲੇ ਅਧੀਨ ਪੱਤਰ ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਜੇ ਵੀ ਲਾਗੂ ਹਨ। ਇਸਦੇ ਨਾਲ ਹੀ ਇਹ ਵੀ ਸੱਪਸ਼ਟ ਕੀਤਾ ਜਾਂਦਾ ਹੈ ਕਿ ਸਰਕਾਰ ਦੀ ਰਾਖਵਾਂਕਰਨ ਨੀਤੀ, ਸੇਵਾਵਾਂ ਦੇ ਹਰ ਵਰਗ ਵਿਚ ਹਰ ਤਰ੍ਹਾਂ ਦੇ ਠੇਕੇ ਤੇ ਕੀਤੀ ਜਾਣ ਵਾਲੀ ਭਰਤੀ ਸਮੇਂ ਵੀ ਲਾਗੂ ਹੋਵੇਗੀ। ਇਹ ਹਦਾਇਤਾਂ ਰਾਜ ਵਿਚ ਸਥਿਤ ਸਰਕਾਰੀ ਸਹਾਇਤਾ ਪ੍ਰਾਪਤ ਬੋਰਡਾਂ, ਯੂਨੀਵਰਸਿਟੀਆਂ, ਕਾਰਪੋਰੇਸ਼ਨਾਂ, ਮਿਊਂਸਪਲ ਕਾਰਪੋਰੇਸ਼ਨਾਂ, ਮਿਊਂਸਪਲ ਕਮੇਟੀਆਂ, ਪੰਚਾਇਤ-ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਅਤੇ ਹੋਰ ਆਟੋਨਾਮਸ ਬਾਡੀਜ਼ ਵਿਚ ਵੀ ਲਾਗੂ ਹੋਣਗੀਆਂ।

3. ਇਨ੍ਹਾਂ ਆਸਾਮੀਆਂ ਲਈ ਰਿਜ਼ਰਵੇਸ਼ਨ ਨਾਲ ਨੱਥੀ ਅਨੁਲੱਗ ਅਨੁਸਾਰ 100 ਨੁਕਾਤੀ ਰੋਸਟਰ ਰਜਿਸਟਰ ਮੇਨਟੇਨ ਕਰਦੇ ਹੋਏ ਲਾਗੂ ਕੀਤੀ ਜਾਵੇਗੀ। ਕਟਾਗਰੀ/ਕਾਡਰ ਲਈ ਵੱਖਰਾ ਰੋਸਟਰ ਰਜਿਸਟਰ ਸਰਕਾਰ ਦੀਆਂ ਸਮੇਂ-2 ਤੇ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਮੇਨਟੇਨ ਕੀਤਾ ਜਾਵੇਗਾ।

4. ਇਹ ਹਦਾਇਤਾਂ ਉਸ ਵਰਕਚਾਰਜ਼ ਅਮਲੇ, ਦਿਹਾੜੀਦਾਰ ਅਮਲੇ ਤੇ ਲਾਗੂ ਨਹੀਂ ਹੋਣਗੀਆਂ, ਜਿਨ੍ਹਾਂ ਨੂੰ ਸੰਕਟ ਕਾਲ ਦੌਰਾਨ, ਜਿਸ ਤਰ੍ਹਾਂ ਹੜ੍ਹਰਾਹਤ ਕਾਰਜਾਂ, ਦੁਰਘਟਨਟਾਵਾਂ (ਐਕਸੀਡੈਂਟ ਆਦਿ), ਮੁੜ ਸਥਾਪਤੀ ਅਤੇ ਰਾਹਤ ਕਾਰਜਾਂ ਸਮੇਂ ਭਰਤੀ ਕਰਨ ਦੀ ਲੋੜ ਪਈ ਹੋਵੇ।

5. ਜੇਕਰ ਅਨੁਸੂਚਿਤ-ਜਾਤੀ ਅਤੇ ਪਛੜੀਆਂ-ਸ਼੍ਰੇਣੀਆਂ ਨਾਲ ਸਬੰਧਤ ਉਮੀਦਵਾਰ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਰਿਜ਼ਰਵ ਆਸਾਮੀਆਂ ਪੁਰ ਕੀਤੇ ਜਾਣ ਲਈ ਉਪਲੱਬਧ ਨਾ ਹੋਣ, ਤਾਂ ਅਜਿਹੀਆਂ ਆਸਾਮੀਆਂ ਨੂੰ ਜਨਰਲ ਵਰਗ ਦੇ ਉਮੀਦਵਾਰਾਂ ਨਾਲ ਪੁਰ ਕੀਤੇ ਜਾਣ ਲਈ ਡੀ-ਰਿਜ਼ਰਵ ਕਰਨ ਵਾਸਤੇ ਨਾ-ਉਪਲੱਭਦੀ ਸਰਟੀਫਿਕੇਟ ਜਾਂ ਇਤਰਾਜਹੀਨਤਾ ਸਰਟੀਫਿਕੇਟ ਪ੍ਰਾਪਤ ਕੀਤੇ ਜਾਣ ਲਈ, ਕੇਸ ਭਲਾਈ ਵਿਭਾਗ ਨੂੰ ਭੇਜੇ ਜਾਣ ਦੀ ਲੋੜ ਨਹੀਂ ਹੈ। ਪ੍ਰੰਤੂ ਅਜਿਹੀਆਂ ਆਸਾਮੀਆਂ ਨੂੰ ਡੀ-ਰਿਜ਼ਰਵ ਕਰਨ ਅਤੇ ਕੈਰੀਫਾਰਵਰਡ ਕਰਨ ਤੋਂ ਪਹਿਲਾਂ ਨਿਯੁਕਤੀ ਕਰਤਾ ਅਧਿਕਾਰੀ ਵਲੋਂ ਇਹ ਯਕੀਨੀ ਬਣਾਇਆ ਜਾਣਾ ਜਰੂਰੀ ਹੈ ਕਿ ਰਿਜਰਵ ਆਸਾਮੀਆਂ ਪੁਰ ਕੀਤੇ ਜਾਣ ਲਈ ਰੋਜ਼ਗਾਰ ਦਫਤਰ ਡਾਇਰੈਕਟਰ ਅਨੁਸੂਚਿਤ -ਜਾਤੀਆਂ ਅਤੇ ਪਛੜੀਆਂ-ਸ਼੍ਰੇਣੀਆਂ ਭਲਾਈ ਵਿਭਾਗ ਤੋਂ ਰਿਜ਼ਰਵ ਕੈਟਾਗਰੀ ਦੇ ਉਮੀਦਵਾਰ ਪ੍ਰਾਪਤ ਕਰਨ ਲਈ ਪੂਰੇ ਉਪਰਾਲੇ ਕੀਤੇ ਗਏ ਹਨ/ਸਨ । ਕੀਤੇ ਉਪਰਾਲਿਆਂ ਬਾਰੇ ਭਲਾਈ ਵਿਭਾਗ ਨੂੰ ਵੀ ਸੂਚਿਤ ਕੀਤਾ ਜਾਵੇ ।

6. ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹਦਾਇਤਾ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਸਮੂਹ ਸਬੰਧਤਾਂ ਦੇ ਧਿਆਨ ਵਿਚ ਵੀ ਲਿਆ ਦਿੱਤੀਆਂ ਜਾਣ।

(ਰਾਮ ਆਸਰਾ ਗਰਗ)
ਅਧੀਨਸੱਕਤਰ, ਭਲਾਈ

ਇਸਦਾ ਇੱਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

(ਰਾਮ ਆਸਰਾ ਗਰਗ)
ਅਧੀਨਸੱਕਤਰ, ਭਲਾਈ

ਸੇਵਾ ਵਿਖੇ,

ਸਮੂਹ ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ,
ਮੁੱਖ ਸਕੱਤਰ, ਪੰਜਾਬ ਸਰਕਾਰ,
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ:ਨੰ:1/9/2004-ਰਸ1/935-937 ਮਿਤੀ, ਚੰਡੀਗੜ੍ਹ 11 ਅਗਸਤ, 2004

**Details regarding Roster**

(List showing reservation in respect of different categories in 100 point Roster)

| Point No. | For which category is reserved | Point No. | For which category is reserved |
|---|---|---|---|
| 1 | 2 | 3 | 4 |
| 1 | S.C | 29 | S.C |
| 2 | General | 30 | General |
| 3 | General | 31 | General |
| 4 | General | 32 | General |
| 5 | S.C | 33 | S.C |
| 6 | General | 34 | General |
| 7 | E.S.M | 35 | B.C (E.S.M) |
| 8 | B.C | 36 | General |
| 9 | S.C | 37 | S.C |
| 10 | General | 38 | General |
| 11 | Handicapped | 39 | General |
| 12 | General | 40 | Handicapped |
| 13 | S.C | 41 | S.C (Sportsman) |
| 14 | E.S.M | 42 | B.C |
| 15 | General | 43 | General |
| 16 | B.C | 44 | B.C |
| 17 | S.C | 45 | S.C |
| 18 | General | 46 | General |
| 19 | General | 47 | General |
| 20 | General | 48 | B.C |
| 21 | S.C (E.S.M) | 49 | S.C |
| 22 | General | 50 | General |
| 23 | Sportsman | 51 | General |
| 24 | B.C | 52 | General |
| 25 | S.C | 53 | S.C (E.S.M) |
| 26 | General | 54 | General |
| 27 | General | 55 | General |
| 28 | E.S.M | 56 | B.C |

| | | | |
|---|---|---|---|
| 57 | S.C | 79 | General |
| 58 | General | 80 | B.C (E.S.M) |
| 59 | General | 81 | S.C |
| 60 | E.S.M | 82 | General |
| 61 | S.C | 83 | General |
| 62 | General | 84 | General |
| 63 | Freedom Fighter | 85 | S.C |
| 64 | B.C | 86 | General |
| 65 | S.C | 87 | E.S.M |
| 66 | General | 88 | B.C |
| 67 | E.S.M | 89 | S.C |
| 68 | General | 90 | General |
| 69 | S.C | 91 | General |
| 70 | General | 92 | General |
| 71 | Handicapped | 93 | S.C (E.S.M) |
| 72 | B.C | 94 | General |
| 73 | S.C (E.S.M) | 95 | General |
| 74 | General | 96 | B.C |
| 75 | General | 97 | S.C |
| 76 | General | 98 | General |
| 77 | B.C | 99 | General |
| 78 | General | 100 | Sportsman |

**Note:-Keeping in view the above description the category wise distribution of roster points is as under:-**

1. Point No:- 1,5,9,13,17,21,25,29,33,37,41,45,49,53,57,61,65,69,73,77,81,85,89,93, 97 (Total 25) are reserved for Scheduled Castes.
2. Point No:- 8,16,24,35,42,48,56,64,72,80,88 and 96 (Total 12 points) are reserved for Backward Classes.
3. Point No:- 7,14,21,28,35,44,53,60,63,73,80,83, 93 (Total 13) are reserved for Ex-Service man.
4. Point No:- 11,40 and 71 (Total 3) are reserved for Handicapped persons.
5. Point No:- 23,41 and 100 (Total 3) are reserved for Sportsman.
6. Point No:- 63 is reserved for Freedom Fighters.